ਜਦੋਂ ਤੁਸੀਂ ਨਮਾਜ਼ ਪੜ੍ਹੋ, ਤਾਂ ਆਪਣੀਆਂ ਸਫਾਂ (ਕਤਾਰਾਂ) ਨੂੰ ਠੀਕ ਕਰ ਲਵੋ। ਫੇਰ ਤੁਹਾਡੇ ਵਿੱਚੋਂ ਇੱਕ ਵਿਅਕਤੀ ਇਮਾਮ ਬਣ ਕੇ ਨਮਾਜ਼ ਪੜ੍ਹਾਵੇ। ਸੋ, ਜਦੋਂ ਉਹ ਤਕਬੀਰ ਕਹੇ, ਤਾਂ ਤੁਸੀਂ ਵੀ ਤਕਬੀਰ ਕਹੋ

ਹਿੱਤਾਨ ਬਿਨ ਅਬਦੁੱਲਾਹ ਰੱਕਾਸ਼ੀ ਤੋਂ ਰਿਵਾਇਤ ਹੈ, ਉਹ ਕਹਿੰਦੇ ਹਨ ਕਿ ਇੱਕ ਵਾਰੀ ਮੈਂ ਅਬੂ-ਮੂਸਾ ਅਸ਼ਅਰੀ (ਰਜ਼ੀਅੱਲਾਹੁ ਅਨਹੁ) ਦੇ ਨਾਲ ਨਮਾਜ਼ ਪੜ੍ਹੀ। ਜਦੋਂ ਉਹ ਕਾਅਦਾ (ਬੈਠਕ ਦੀ ਹਾਲਤ) ਵਿੱਚ ਸਨ, ਤਾਂ ਪਿੱਛੇ ਨਮਾਜ਼ ਪੜ੍ਹ ਰਹੇ ਇੱਕ ਵਿਅਕਤੀ ਨੇ ਕਿਹਾ: ਨਮਾਜ਼ ਨੂੰ ਭਲਾਈ ਅਤੇ ਜ਼ਕਾਤ ਨਾਲ ਜੋੜ ਕੇ ਬਿਆਨ ਕੀਤਾ ਗਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜਦੋਂ ਅਬੂ-ਮੂਸਾ (ਰਜ਼ੀਅੱਲਾਹੁ ਅਨਹੁ) ਦੀ ਨਮਾਜ਼ ਪੂਰੀ ਹੋ ਗਈ ਅਤੇ ਸਲਾਮ ਫੇਰ ਦਿੱਤਾ, ਤਾਂ ਲੋਕਾਂ ਵੱਲ ਮੂੰਹ ਕਰ ਕੇ ਬੈਠ ਗਏ ਤੇ ਕਿਹਾ: ਤੁਹਾਡੇ ਵਿੱਚੋਂ ਕਿਸ ਨੇ ਇਹ ਗੱਲ ਕਹੀ ਹੈ? ਜਦੋਂ ਕਿਸੇ ਨੇ ਜਵਾਬ ਨਹੀਂ ਦਿੱਤਾ, ਤਾਂ ਉਨ੍ਹਾਂ ਨੇ ਫਿਰ ਪੁੱਛਿਆ: ਤੁਹਾਡੇ ਵਿੱਚੋਂ ਕਿਸ ਨੇ ਇਹ ਗੱਲ ਕਹੀ ਹੈ? ਫਿਰ ਜਦੋਂ ਕਿਸੇ ਨੇ ਜਵਾਬ ਨਹੀਂ ਦਿੱਤਾ, ਤਾਂ ਕਿਹਾ: ਹੇ ਹਿੱਤਾਨ! ਸ਼ਾਇਦ ਤੂੰ ਇਹ ਗੱਲ ਕਹੀ ਹੈ? ਉਨ੍ਹਾਂ ਨੇ ਕਿਹਾ: ਮੈਂ ਇਹ ਗੱਲ ਨਹੀਂ ਕਹੀ ਅਤੇ ਮੈਨੂੰ ਡਰ ਸੀ ਕਿ ਤੁਸੀਂ ਇਸ ਗੱਲ ਲਈ ਮੈਨੂੰ ਹੀ ਝਿੜਕੋਗੇ। ਇਹ ਸਭ ਸੁਣਨ ਤੋਂ ਬਾਅਦ ਉੱਥੇ ਮੌਜੂਦ ਇੱਕ ਵਿਅਕਤੀ ਨੇ ਕਿਹਾ: ਇਹ ਗੱਲ ਮੈਂ ਕਹੀ ਸੀ ਅਤੇ ਮੇਰਾ ਇਰਾਦਾ ਚੰਗਾ ਹੀ ਸੀ। ਉਸ ਦੀ ਗੱਲ ਸੁਣਨ ਤੋਂ ਬਾਅਦ ਅਬੂ ਮੂਸਾ (ਰ.) ਨੇ ਕਿਹਾ: ਕੀ ਤੁਸੀਂ ਨਹੀਂ ਜਾਣਦੇ ਕਿ ਤੁਸੀਂ ਨਮਾਜ਼ ਵਿੱਚ ਕਿਵੇਂ-ਕੀ ਕਹਿਣਾ ਹੈ? ਅੱਲਾਹ ਦੇ ਰਸੂਲ □ ਨੇ ਸਾਡੇ ਨਾਲ ਗੱਲ-ਬਾਤ ਕਰਦਿਆਂ ਸਾਨੂੰ ਸਾਡੀ ਨਮਾਜ਼ ਦੱਸੀ ਅਤੇ ਸਾਡੀ ਸੁੰਨਤ ਸਿੱਖਾਈ। ਆਪ □ ਨੇ ਫਰਮਾਇਆ: "ਜਦੋਂ ਤੁਸੀਂ ਨਮਾਜ਼ ਪੜ੍ਹੋ, ਤਾਂ ਆਪਣੀਆਂ ਸਫਾਂ (ਕਤਾਰਾਂ) ਨੂੰ ਠੀਕ ਕਰ ਲਵੋ। ਫੇਰ ਤੁਹਾਡੇ ਵਿੱਚੋਂ ਇੱਕ ਵਿਅਕਤੀ ਇਮਾਮ ਬਣ ਕੇ ਨਮਾਜ਼ ਪੜ੍ਹਾਵੇ। ਸੋ, ਜਦੋਂ ਉਹ ਤਕਬੀਰ ਕਹੇ, ਤਾਂ ਤੁਸੀਂ ਵੀ ਤਕਬੀਰ ਕਹੋ ਅਤੇ ਜਦੋਂ ਉਹ {غَيْرِ الْمَغْضُوبِ عَلَيْهِمْ وَلا الضَّالِّينَ} [ਸੂਰਤ ਫ਼ਾਤਿਹਾ: 7] ਤਾਂ ਤੁਸੀਂ ਆਮੀਨ ਕਹੋ, ਅੱਲਾਹ ਤੁਹਾਡੀ ਦੁਆ ਕਬੂਲ ਕਰੇਗਾ। ਫੇਰ ਜਦੋਂ ਉਹ ਤਕਬੀਰ ਕਹੇ ਤੇ ਰੁਕੂ ਕਰੇ, ਤਾਂ ਤੁਸੀਂ ਵੀ ਤਕਬੀਰ ਕਹੋ ਤੇ ਰੁਕੂ ਕਰੋ। ਇਮਾਮ ਤੁਹਾਥੋਂ ਪਹਿਲਾਂ ਰੁਕੂ ਵਿੱਚ ਜਾਵੇਗਾ ਅਤੇ ਤੁਹਾਥੋਂ ਪਹਿਲਾਂ ਰੁਕੂ ਤੋਂ ਉੱਠੇਗਾ।" ਅੱਲਾਹ ਦੇ ਰਸੂਲ □ ਨੇ ਫਰਮਾਇਆ: "ਤੁਹਾਡੇ ਰੁਕੂ ਵਿੱਚ ਜਾਣ ਵੇਲੇ ਜੋ ਇੱਕ ਪਲ ਦੀ ਦੇਰੀ ਹੋਵੇਗੀ, ਉਹ ਰੁਕੂ ਤੋਂ ਉੱਠਣ ਵਿੱਚ ਹੋਣ ਵਾਲੀ ਇੱਕ ਪਲ ਦੀ ਦੇਰੀ ਨਾਲ ਪੂਰੀ ਹੋ ਜਾਵੇਗੀ। ਅਤੇ ਜਦੋਂ ਇਮਾਮ "سَمِعَ اللهُ لِمَنْ حَمِدَهُ - ਸਮਿਅੱਲਾਹੁ ਲਿਮਨ ਹਮਿਦਾਹ" ਕਹੇ, ਤਾਂ ਤੁਸੀਂ "اللّٰهُمَّ رَبَّنَا لَكَ الْحَمْدُ - ਅੱਲਾਹੁੱਮਾ ਰੱਬਾਨਾ ਵਲਾਕਲ ਹਮਦ ਕਹੋ, ਅੱਲਾਹ ਤੁਹਾਡੀ ਦੁਆ ਸੁਣ ਲਵੇਗਾ। ਅਤੇ ਜਦੋਂ ਉਹ ਤਕਬੀਰ ਕਹੇ ਤੇ ਸਜਦੇ ਵਿੱਚ ਜਾਵੇ, ਤਾਂ ਤੁਸੀਂ ਵੀ ਤਕਬੀਰ ਕਹੋ ਤੇ ਸਜਦਾ ਵਿੱਚ ਜਾਵੋ। ਇਮਾਮ ਤੁਹਾਥੋਂ ਪਹਿਲਾਂ ਸਜਦੇ ਵਿੱਚ ਜਾਵੇਗਾ ਤੇ ਤੁਹਾਥੋਂ ਪਹਿਲਾਂ ਸਜਦੇ ਤੋਂ ਉੱਠੇਗਾ।" ਇਸ ਤੋਂ ਬਾਅਦ ਅੱਲਾਹ ਦੇ ਰਸੂਲ □ ਨੇ ਫਰਮਾਇਆ: "ਤੁਹਾਡੇ ਸਜਦੇ ਵਿੱਚ ਜਾਣ ਵੇਲੇ ਜੋ ਇੱਕ ਪਲ ਦੀ ਦੇਰੀ ਹੋਵੇਗੀ, ਉਹ ਸਜਦੇ ਤੋਂ ਉੱਠਣ ਵਿੱਚ ਹੋਣ ਵਾਲੀ ਇੱਕ ਪਲ ਦੀ ਦੇਰੀ ਨਾਲ ਪੂਰੀ ਹੋ ਜਾਵੇਗੀ। ਅਤੇ ਜਦੋਂ ਤਸ਼ਹੁੱਦ ਵਿੱਚ ਬੈਠੇ, ਤਾਂ ਸਭ ਤੋਂ ਪਹਿਲਾਂ ਇਹ ਦੁਆ ਪੜ੍ਹੇ: التَّحِيَّاتُ الطَّيِّبَاتُ الصَّلَوَاتُ لِلهِ، السَّلَامُ عَلَيْكَ أَيُّهَا النَّبِيُّ وَرَحْمَةُ اللهِ وَبَرَكَاتُهُ، السَّلَامُ عَلَيْنَا وَعَلَى عِبَادِ اللهِ الصَّالِحِينَ، أَشْهَدُ أَنْ لَا إِلَهَ إِلَّا اللهُ وَأَشْهَدُ أَنَّ مُحَمَّدًا عَبْدُهُ وَرَسُولُهُ - ਅੱਤਾਹਿਆਤੁ ਅੱਤ-ਤੈਯੀਬਾਤੁ ਅੱਸ-ਸਲਾਵਾਤੁ ਲਿੱਲਾਹ, ਅੱਸਲਾਮੁ ਅਲੈਕਾ ਅਯੁਹਨ ਨਬੀਯੁ ਵਾ ਰਹਿਮਤੁੱਲਾਹੀ ਵਾ ਬਰਾਕਾਤੁਹ, ਅੱਸਲਾਮੁ ਅਲੈਨਾ ਵਾ ਅਲਾ ਇਬਾਦਿੱਲਾਹਿਸ-ਸਾਲਿਹੀਨ, ਅਸ਼ਹਦੁ ਅੱਲਾ ਇਲਾਹਾ ਇੱਲੱਲਾਹ, ਵਾ ਅਸ਼ਹਦੁ ਅੰਨਾ ਮੁਹੰਮਦਨ ਅਬਦੁਹੂ ਵਾ ਰਸੂਲੁਹ।"

[صحيح] [رواه مسلم]

ਸਹਾਬੀ ਅਬੂ-ਮੂਸਾ ਅਸ਼ਅਰੀ (ਰਜ਼ੀਅੱਲਾਹੁ ਅਨਹੁ) ਨੇ ਇੱਕ ਨਮਾਜ਼ ਪੜ੍ਹੀ। ਨਮਾਜ਼ ਦੇ ਦੌਰਾਨ ਜਦੋਂ ਉਹ ਕਾਅਦਾ ਦੀ ਹਾਲਤ ਵਿੱਚ ਸਨ (ਜਿਸ ਵਿੱਚ ਤਸ਼ਹੁੱਦ ਪੜ੍ਹੀ ਜਾਂਦੀ ਹੈ) ਤਾਂ ਪਿੱਛੇ ਨਮਾਜ਼ ਪੜ੍ਹ ਰਹੇ ਇੱਕ